SITC

2022 84208
2/7/2022

**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ, ਐਸ.ਏ.ਐਸ. ਨਗਰ**
**(ਬਜਟ ਸ਼ਾਖਾ)**

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:),
ਪੰਜਾਬ।

ਮੀਮੋ ਨੰ. 12/02-2017 ਬ(3)/2022177801
ਮਿਤੀ: ਐਸ.ਏ.ਐਸ. ਨਗਰ 07/07/2022

ਵਿਸ਼ਾ: ਪੈਨਸ਼ਨ ਕੇਸਾਂ/ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਸਬੰਧੀ ਮੁੱਕਦੀ ਤਿਮਾਹੀ ਮਿਤੀ: 30.06.2022 ਤੱਕ ਦੀ ਰਿਪੋਰਟ ਭੇਜਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਡਾਇਰੈਕਟਰ ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਵਿਭਾਗ ਨੂੰ ਪੈਨਸ਼ਨ ਕੇਸਾਂ/ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਨੂੰ ਮੋਨੀਟਰ ਕਰਨ ਲਈ ਮੁੱਕਦੀ ਤਿਮਾਹੀ ਮਿਤੀ: 30.06.2022 ਦੇ ਕੇਸਾਂ ਸਬੰਧੀ ਸੂਚਨਾ ਭੇਜੀ ਜਾਣੀ ਹੈ। ਇਸ ਸਬੰਧੀ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮੁੱਕਦੀ ਤਿਮਾਹੀ ਮਿਤੀ: 30.06.2022 ਤੱਕ ਦੇ ਪੈਨਸ਼ਨ ਕੇਸਾਂ ਸਬੰਧੀ ਸੂਚਨਾ Asees ਲਿਪੀ ਵਿੱਚ MS Excel Sheet ਵਿੱਚ ਪੈਨਸ਼ਨ ਵਿਭਾਗ ਵਲੋਂ ਨਿਰਧਾਰਿਤ ਪ੍ਰੋਫਾਰਮਿਆਂ (ਨਾਲ ਨੱਥੀ) ਵਿੱਚ ਤਿਆਰ ਕਰਕੇ ਹਰ ਹਾਲਤ ਵਿੱਚ ਮਿਤੀ: 13.07.2022 ਤੱਕ ਇਸ ਦਫਤਰ ਦੀ ਈ.ਮੇਲ ਆਈ. ਡੀ. dpise.budget@punjabeducation.gov.in ਤੇ ਭੇਜਣੀ ਯਕੀਨੀ ਬਣਾਈ ਜਾਵੇ। ਡੀ.ਡੀ.ਓਜ਼/ਸਮੂਹ ਸਕੂਲ ਮੁੱਖੀਆਂ ਪਾਸੋਂ ਪ੍ਰਾਪਤ ਹੋਈ ਸੂਚਨਾ ਨੂੰ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਵਲੋਂ ਕੰਪਾਈਲ ਕਰਨ ਉਪਰੰਤ ਵੈਰੀਫਾਈ ਕਰਕੇ ਇਸ ਦਫਤਰ ਨੂੰ ਨਿਸ਼ਚਿਤ ਮਿਤੀ ਤੱਕ ਭੇਜਣਗੇ। ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ। ਕਿਸੇ ਵੀ ਪ੍ਰਕਾਰ ਦੀ ਦੇਰੀ/ਅਣਗਹਿਲੀ ਅਤੇ ਅਧੂਰੀ ਸੂਚਨਾ ਦੀ ਸੂਰਤ ਵਿੱਚ ਸਬੰਧਤ ਜਿਲ੍ਹਾ ਸਿੱਖਿਆ ਅਫਸਰ/ਡੀ.ਡੀ.ਓ. ਦੀ ਨਿਰੋਲ ਜਿੰਮੇਵਾਰੀ ਹੋਵੇਗੀ।

ਨੋਟ: ਉਪਰੋਕਤ ਸੂਚਨਾ ਤਿਆਰ ਕਰਨ ਸਬੰਧੀ ਹਦਾਇਤਾਂ ਅਤੇ ਪੈਨਸ਼ਨ ਵਿਭਾਗ ਵਲੋਂ ਨਿਰਧਾਰਿਤ ਪ੍ਰਫਾਰਮੇ ਨਾਲ ਨੱਥੀ ਕੀਤੇ ਜਾਂਦੇ ਹਨ। ਇਹ ਯਕੀਨੀ ਬਣਾਇਆ ਜਾਵੇ ਕਿ ਉਪਰੋਕਤ ਸੂਚਨਾ ਸਿਰਫ Asees ਲਿਪੀ ਵਿੱਚ ਹੀ ਭੇਜੀ ਜਾਵੇ।

06/07/22
ਸੁਪਰਡੰਟ (ਬਜਟ)

# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿੱਠ ਅੰਕਣ ਨੰ: ਅ-5/1( )2022/202284208/1066 ਮਿਤੀ 08.07.2022

ਉਪਰੋਕਤ ਦਾ ਉਤਾਰਾ (ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ) ਪੰਜਾਬ ਐਸ.ਐਸ ਨਗਰ ਦੇ ਮੀਮੋ ਨੰ 12/02-2017ਬ(3)2022177801 ਮਿਤੀ 07.07.2022) ਸਮੂਹ ਸਕੂਲ ਮੁੱਖੀਆਂ ਸਸਸਸ,ਸਹਸ,ਸਮਿਸ, ਜਿਲ੍ਹਾ ਬਠਿੰਡਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਹਦਾਇਤਾਂ ਅਨੁਸਾਰ ਸੂਚਨਾ ਇਸ ਦਫਤਰ ਦੀ E-MAIL ID AMARJEET.DEKHAR800@PUNJAB.GOV.IN ਤੇ ਮਿਤੀ 10.07.2022 ਸ਼ਾਮ 3 ਵਜੇ ਤੱਕ ਭੇਜਣੀ ਯਕੀਨੀ ਬਣਾਉਣਗੇ।

8/7/22
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ

# ਸੂਚਨਾ ਭਰਨ ਸਬੰਧੀ ਹਦਾਇਤਾਂ

1. ਸਬੰਧਤ ਤਿਮਾਹੀ ਵਿੱਚ ਰਿਟਾਇਰ ਹੋਏ ਸਮੂਹ ਕਰਮਚਾਰੀਆਂ ਦੇ ਨਾਮ **ਅਨੁਲੱਗ 1** ਵਿੱਚ ਸ਼ਾਮਿਲ ਕੀਤੇ ਜਾਣ ਭਾਵੇਂ ਕਿ ਉਨ੍ਹਾ ਦੀਆਂ ਸਾਰੀਆਂ ਪੇਮੈਂਟਾਂ ਤਿਮਾਹੀ ਦੋਰਾਨ ਹੋ ਚੁੱਕੀਆਂ ਹੋਣ। ਜਿਲ੍ਹਾ ਕੇਸਾਂ ਵਿੱਚ ਮੁਕੰਮਲ ਪੇਮੇਂਟਾਂ ਹੋ ਚੁੱਕੀਆਂ ਹੋਣ ਉਸ ਬਾਰੇ ਵਿਸੇਸ਼ ਕਥਨ ਦੇ ਕਾਲਮ ਵਿੱਚ ਵੇਰਵਾ ਦਿੱਤਾ ਜਾਵੇ। ਨਵੀਂ ਪੈਨਸ਼ਨ ਸਕੀਮ ਤਹਿਤ ਰਿਟਾਇਰ ਹੋਏ ਕਰਮਚਾਰੀਆਂ ਦੇ ਵੇਰਵੇ ਵੀ **ਅਨੁਲੱਗ 1** ਵਿੱਚ ਸ਼ਾਮਿਲ ਕੀਤੇ ਜਾਣ। ਸਬੰਧਤ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:) ਇਹ ਤਸਦੀਕ ਕਰਨਾ ਯਕੀਨੀ ਬਣਾਏ ਕਿ ਉਨ੍ਹਾ ਵਲੋਂ ਰਿਟਾਇਰੀਆਂ ਸਬੰਧੀ ਦਿੱਤੀ ਗਈ ਸੂਚਨਾ ਤੋਂ ਇਲਾਵਾ ਉਨ੍ਹਾ ਦੇ ਜਿਲ੍ਹੇ ਨਾਲ ਸਬੰਧਤ ਕਿਸੇ ਵੀ ਰਿਟਾਇਰੀ ਦੇ ਪੈਨਸ਼ਨਰੀ ਲਾਭ ਪੈਡਿੰਗ ਨਹੀਂ ਹਨ।
2. ਮੋਜੂਦਾ ਤਿਮਾਹੀ ਤੋਂ ਪਿਛਲੇ ਕੇਸ ਸਿਰਫ ਉਹ ਹੀ ਸ਼ਾਮਿਲ ਕੀਤੇ ਜਾਣ ਜਿਨ੍ਹਾਂ ਦੇ ਇੱਕ ਜਾਂ ਇੱਕ ਤੋਂ ਵੱਧ ਰਿਟਾਇਰਮੇਂਟ ਲਾਭ ਦੀ ਅਦਾਇਗੀ ਬਦਾਇਆ ਰਹਿੰਦੀ ਹੋਵੇ।
3. ਨਵੀਂ ਪੈਨਸ਼ਨ ਸਕੀਮ ਤਹਿਤ ਬਕਾਇਆ ਕੇਸਾਂ ਦਾ ਵੇਰਵਾ **ਅਨੁਲੱਗ 6** ਵਿੱਚ ਦਿੱਤਾ ਜਾਵੇ। ਇਨ੍ਹਾਂ ਕਰਮਚਾਰੀਆਂ ਦੇ ਨਾਲ ਅਨੁਲੱਗ 1 ਵਿੱਚ ਵੀ ਸ਼ਾਮਿਲ ਕੀਤੇ ਜਾਣ।
4. ਆਮ ਤੋਰ ਤੇ ਲਿਖਿਆ ਜਾਂਦਾ ਹੈ ਕਿ ਕੇਸ ਖਜਾਨੇ ਵਿੱਚ ਲੰਬਿਤ ਹਨ। ਖਜਾਨੇ ਵਿੱਚ ਲੰਬਿਤ ਕੇਸਾਂ ਦੇ ਬਿਲ ਦਾ ਨੰਬਰ ਅਤੇ ਮਿਤੀ: ਸਬੰਧਤ ਖਾਨੇ ਵਿੱਚ ਲਿਖਿਆ ਜਾਵੇ।
5. ਰਿਟਾਇਰਮੇਂਟ/ਅਦਾਇਗੀ ਦੀਆਂ ਮਿਤੀਆਂ ਨੂੰ ਜਿਲ੍ਹਿਆਂ ਵਲੋਂ ਭਿੰਨ-ਭਿੰਨ ਤਰੀਕਿਆਂ ਨਾਲ ਲਿਖਿਆ ਜਾ ਰਿਹਾ ਹੈ। ਮਿਤੀ: **DD.MM.YYYY** ਅਨੁਸਾਰ ਦਰਸਾਈਆਂ ਜਾਣ।
6. ਕੋਈ ਵੀ ਕਾਲਮ ਖਾਲੀ ਨਾ ਛੱਡਿਆ ਜਾਵੇ। ਸੂਚਨਾ ਨਿਰਧਾਰਿਤ ਪ੍ਰੋਫਾਰਮੇ ਅਨੁਸਾਰ ਹੀ ਭੇਜੀ ਜ਼ਾਵੇ, ਆਪਣੇ ਕੋਲੋਂ ਕੋਈ ਵੀ ਕਾਲਮ ਨਾ ਬਣਾਇਆ ਜਾਵੇ। ਅਨੁਲੱਗ ਦੇ ਅੰਤ ਵਿੱਚ ਹਰ ਇੱਕ ਕਿਸਮ ਜਿਵੇਂ ਕਿ ਪੈਨਸ਼ਨ/ਗਰੈਚੁਟੀ/ਲੀਵ ਇਨਕੈਸਮੇਂਟ/ਜੀ.ਪੀ.ਐਫ./ਜੀ.ਆਈ.ਐਸ. ਸਬੰਧੀ ਪੈਡਿੰਗ ਕੇਸਾਂ ਦਾ ਕਾਲਮ ਵਾਈਜ ਜੋੜ ਜਰੂਰ ਦਰਸਾਇਆ ਜਾਵੇ।
7. ਪੈਨਸ਼ਨ ਦੇ ਜੋ ਕੇਸ ਮਹਾਂਲੇਖਾਕਾਰ, ਪੰਜਾਬ ਨੂੰ ਭੇਜੇ ਗਏ ਹਨ, ਉਨ੍ਹਾਂ ਦਾ ਪੱਤਰ ਨੰ ਅਤੇ ਮਿਤੀ ਨਾਲ ਜਰੂਰ ਲਿਖਿਆ ਜਾਵੇ।
8. **ਅਨੁਲੱਗ 5** ਵਿੱਚ ਪੈਨਸ਼ਨਰਾਂ ਦੀਆਂ ਸਿਕਾਇਤਾਂ ਦੇ ਨਿਪਟਾਰੇ ਲਈ ਲਗਾਏ ਕੈਂਪ ਦੀ ਪ੍ਰਗਤੀ ਰਿਪੋਰਟ ਦੇਣੀ ਹੁੰਦੀ ਹੈ। ਇਹ ਸੂਚਨਾ ਵੀ ਸਹੀ ਢੰਗ ਨਾਲ ਭਰੀ ਜਾਵੇ।
9. ਸਰਕਾਰ ਦੇ ਪੱਤਰ ਨੰ. FD-FPPCOADVC/7/2020-2FPPC/680 ਮਿਤੀ: 04.05.2020 ਦੀਆਂ ਹਦਾਇਤਾਂ ਦੇ ਸਨਮੁੱਖ ਜੇਕਰ ਕਿਸੇ ਰਿਟਾਇਰਡ ਕਰਮਚਾਰੀ ਨੂੰ ਪ੍ਰੋਵੀਜ਼ਨਲ ਪੈਨਸ਼ਨ ਜਾਰੀ ਕੀਤੀ ਗਈ ਹੈ ਤਾਂ ਉਹ ਹੀ ਵਿਸ਼ੇਸ਼ ਕਥਨ ਵਿੱਚ ਦਰਸਾਈ ਜਾਵੇ।

ਅਨੁਲੱਗ 1

ਵਿਸ਼ਾ:-ਮੁੱਕਦੀ ਤਿਮਾਹੀ ਤੱਕ ਸੇਵਾ ਨਵਿਰਤ ਹੋਏ ਅਧਿਕਾਰੀਆਂ/ਕਰਮਚਾਰੀਆਂ/ਮ੍ਰਿਤਕਾਂ ਦੇ ਆਸ਼ਰਿਤਾ(ਸਮੇਤ 01.04.2022 ਤੋਂ 30.06.2022 ਤੱਕ ਰਿਟਾਇਰ ਹੋਏ ਮੁਲਾਜ਼ਮਾਂ) ਨੂੰ ਮਿਲਣ ਵਾਲੇ ਵੱਖ-2 ਪੈਨਸ਼ਨਰੀ ਲਾਭਾ ਸਬੰਧੀ ਵੇਰਵਾ:-

| ਲੜੀ ਨੰ: | ਕਰਮਚਾਰੀ/ਅਧਿਕਾਰੀ ਦਾ ਨਾਂ/ਅਹੁਦਾ | ਸੇਵਾ ਨਵਿਰਤ/ਮੌਤ ਹੋਣ ਦੀ ਮਿਤੀ | ਪੈਨਸ਼ਨ ਮੰਨਜੂਰ ਹੋਣ ਦੀ ਮਿਤੀ | ਪੂਰੀ ਪੈਨਸ਼ਨ ਮਨਜੂਰ ਨਾ ਹੋਣ ਦੀ ਸਥਿਤੀ ਵਿੱਚ ਆਰਜ਼ੀ ਪੈਨਸ਼ਨ ਮਨਜੂਰ ਹੋਣ ਦੀ ਮਿਤੀ | ਗਰੈਚੂਟੀ ਜਾਰੀ ਕੀਤੇ ਜਾਣ ਦੀ ਮਿਤੀ | ਐਕਸਗ੍ਰੇਸ਼ੀਆਂ ਦੀ ਅਦਾਇਗੀ ਦੀ ਮਿਤੀ | ਲੀਵ ਇੰਨਕੈਸ਼ਮੈਟ ਅਦਾ ਕੀਤੇ ਜਾਣ ਦੀ ਮਿਤੀ | ਪੌਵੀਡੈਂਟ ਫੰਡ ਅਦਾ ਕੀਤੇ ਜਾਣ ਦੀ ਮਿਤੀ | ਜੀ.ਆਈ.ਐੱਸ/ਡੀ.ਐੱਲ.ਆਈ ਅਦਾ ਕੀਤੇ ਜਾਣ ਦੀ ਮਿਤੀ | ਪੈਂਨਸ਼ਨ ਕੰਮਿਊਟ ਹੋਣ ਦੀ ਮਿਤੀ | ਪੈਂਨਸ਼ਨ/ਪੈਂਨਸ਼ਨਰੀ ਲਾਭਾਂ ਦੀ ਅਦਾਇਗੀ ਨਾ ਹੋਣ ਦੇ ਕਾਰਨ | ਵਿਸ਼ੇਸ਼ ਕਥਨ |
|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 |

| ਅਨੁਲੱਗ-2 | | | | | | | |
|---|---|---|---|---|---|---|---|
| ਆਉਣ ਵਾਲੇ 24-30 ਮਹੀਨਿਆਂ ਦੌਰਾਨ ਸੇਵਾ ਨਿਵਿਰਤ ਹੋਣ ਵਾਲੇ ਅਧਿਕਾਰੀਆਂ/ਕਰਮਚਾਰੀਆ ਦੇ ਵੇਰਵੇ:- | | | | | | | |
| ਲੜੀ ਨੰ: | ਕਰਮਚਾਰੀ/ ਅਧਿਕਾਰੀ ਦਾ ਨਾਂ/ਅਹੁਦਾ | ਜਨਮ ਮਿਤੀ | ਸੇਵਾ ਨਵਿਰਤੀ ਦੀ ਮਿਤੀ | ਪ੍ਰੋਵੀਡੈਂਟ ਫੰਡ ਨੰ: | ਜੇਕਰ ਅਧਿਕਾਰੀ/ ਕਰਮਚਾਰੀ ਨੇ ਕੋਈ ਵਿਭਾਗੀ ਕਰਜ਼ਾ ਲਿਆ ਹੈ ਤਾਂ ਮੰਨਜੂਰ ਕਰਨ ਦੀ ਮਿਤੀ | ਕਰਜੇ ਦੀ ਰਹਿੰਦੀ ਰਕਮ | ਵਿਸ਼ੇਸ ਕਥਨ |
| 1 | 2 | 3 | 4 | 5 | 6 | 7 | 8 |

| ਅਨੁਲਗ 3 | | | | | |
|---|---|---|---|---|---|
| ਵਿਭਾਗ/ਦਫਤਰ ਨਾਲ ਸਬੰਧਤ ਪ੍ਰਤੀ ਬੇਨਤੀਆ ਦੇ ਨਿਪਟਾਰੇ ਬਾਰੇ ਸਥਿਤੀ:- | | | | | |
| ਲੜੀ ਨੰ: | ਕਰਮਚਾਰੀ/ਅਧਿਕਾਰੀ ਦਾ ਨਾਂ/ਅਹੁਦਾ | ਪ੍ਰਤੀ ਬੇਨਤੀ ਦਾ ਮਹੀਨਾ ਅਤੇ ਸਾਲ | ਪ੍ਰਤੀ ਬੇਨਤੀ ਦਾ ਸੰਖੇਪ ਵਿਸ਼ਾ | ਵਿਭਾਗ/ਦਫਤਰ ਵੱਲੋ ਪ੍ਰਤੀ ਬੇਨਤੀ ਦੇ ਨਿਪਟਾਰੇ ਲਈ ਕੀਤੀ ਗਈ ਕਾਰਵਾਈ ਦਾ ਸੰਖੇਪ | ਵਿਸ਼ੇਸ਼ ਕਥਨ |
| 1 | 2 | 3 | 4 | 5 | 6 |

| ਅਨੁੱਲਗ-4 | | | | | | | |
|---|---|---|---|---|---|---|---|
| ਮਿਤੀ: 30.06.2022 ਤੱਕ ਮੁੱਕਦੀ ਤਿਮਾਹੀ ਦੌਰਾਨ ਪੈਨਸਨਰਾਂ ਵੱਲੋਂ ਵੱਖ-ਵੱਖ ਅਦਾਲਤਾਂ ਵਿੱਚ ਦਾਇਰ ਕੀਤੇ ਗਏ ਕੋਰਟ ਕੇਸ ਦੀ ਤਾਜਾ ਸਥਿਤੀ ਬਾਰੇ। | | | | | | | |
| ਲੜੀ ਨੰ: | ਰਿਟਾਇਰੀ ਦਾ ਨਾਂ/ਅਹੁਦਾ | ਸੇਵਾ ਨਵਿਰਤੀ/ਮੌਤ ਦੀ ਮਿਤੀ | ਕੋਰਟ ਕੇਸ ਦਾ ਵੇਰਵਾ | ਕੋਰਟ ਕੇਸ ਕਰਨ ਦੀ ਮਿਤੀ | ਮੰਗੀ ਗਈ ਰਾਹਤ ਜਵਾਬ ਦਾਵਾ ਦੇ ਵੇਰਵੇ | ਤਾਜ਼ਾ ਸਥਿਤੀ | ਵਿਸੇਸ ਕਥਨ |
| 1 | 2 | 3 | 4 | 5 | 6 | 7 | 8 |

| | ਅਨੁਲੱਗ-5 | | | |
|---|---|---|---|---|
| ਮਿਤੀ 27/11/2015 ਰਾਹੀ ਜਾਰੀ ਕੀਤੀਆ ਹਦਾਇਤਾਂ ਦੇ ਸਨਮੁੱਖ ਤਿਮਾਹੀ ਦੌਰਾਨ ਲਗਾਏ ਗਏ ਪੈੱਨਸ਼ਨਰਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਲਗਾਏ ਗਏ ਕੈਂਪ ਦੀ ਸਥਿਤੀ | | | | |
| ਲੜੀ ਨੰ: | ਤਿਮਾਹੀ ਦੌਰਾਨ ਲਗਾਏ ਗਏ ਕੈਂਪਾਂ ਦੀ ਗਿਣਤੀ | ਕੈਂਪ ਦੌਰਾਨ ਪੈਨਸ਼ਨਰਾਂ ਪਾਸੋਂ ਪ੍ਰਾਪਤ ਹੋਈਆ ਸ਼ਿਕਾਇਤਾਂ/ਪ੍ਰਤੀ ਬੇਨਤੀਆ ਦਾ ਸੰਖੇਪ ਵੇਰਵਾ | ਕੈਂਪ ਦੌਰਾਨ ਪੈਨਸ਼ਨਰਾਂ ਪਾਸੋਂ ਪ੍ਰਾਪਤ ਹੋਈਆ ਸ਼ਿਕਾਇਤਾਂ/ਪ੍ਰਤੀ ਬੇਨਤੀਆ ਦੇ ਨਿਪਟਾਰੇ ਸਬੰਧੀ ਕੀਤੀ ਗਈ ਕਾਰਵਾਈ | ਵਿਸ਼ੇਸ਼ ਕਥਨ |
| 1 | 2 | 3 | 4 | 5 |

## ਅਨੁਲੱਗ-6

### ਨਵੀ ਪੈਂਨਸ਼ਨ ਸਕੀਮ ਅਧੀਨ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਦੇ ਅਤਿਮ ਅਦਾਇਗੀ ਦੇ ਕੇਸਾਂ ਦੀ ਡੀ.ਡੀ.ੳ ਵਾਈਜ਼ ਸੂਚੀ:-

| ਲੜੀ ਨੰ: | ਡੀ.ਡੀ.ੳ ਦਾ ਅਹੁਦਾ | ਪਰਮਾਨੈਂਟ ਰਿਟਾਇਰਮੈਂਟ ਅਕਾਊਂਟ ਨੰਬਰ(PRAN) | ਨਵੀਂ ਪੈਂਨਸ਼ਨ ਸਕੀਮ ਛੱਡਣ ਦੇ ਕਾਰਣ(ਰਿਟਾਇਰਮੈਂਟ/ਅਸਤੀਫਾ/ਮੌਤ/ਪੁਰਣੀ ਸਕੀਮ ਜਾਂ ਹੋਰ)ਕਿਰਪਾਪੂਰਵਕ ਸਪੱਸ਼ਟ ਰੂਪ ਵਿੱਚ ਨਿਆਨ ਕੀਤਾ ਜਾਵੇ | ਡੀ.ਡੀ.ੳ ਵੱਲੋਂ ਅੰਤ੍ਰਿਮ ਅਦਾਇਗੀ ਦੇ ਕੇਸ ਨੂੰ ਸਿਸਟਮ ਵਿੱਚ ਅਰੰਭ ਕਰਨ ਦੀ ਮਿਤੀ | ਕੀ ਅਦਾਇਗੀ 60% ਦੀ ਅਨੁਪਾਤ ਵਿੱਚ ਹੈ ਜਾਂ 20% ਜਾਂ 100% ਜਾਂ ਮੁਲਾਜ਼ਮ ਦਾ ਆਪਣਾ ਹਿੱਸਾ ਦਿੱਤਾ ਜਾਣਾ ਹੈ?<br>ਕਿਸ ਮਿਤੀ ਤੋਂ ਕਿੰਨੀ ਅਦਾਇਗੀ ਮਿਲਣਯੋਗ ਹੈ?<br>60%(ਨਾਰਮਲ ਰਿਟਾਇਰਮੈਂਟ; 20%(ਪੂਰਵ ਸੇਵਾ ਨਵਿਰਤੀ/ਅਸਤੀਫਾ) 100%(ਮੌਤ ਦੇ ਕੇਸ) ਜਾਂ ਮੁਲਾਜ਼ਮ ਦਾ ਆਪਣਾ ਹਿੱਸਾ (ਪੁਰਾਣੀ ਪੈਂਨਸ਼ਨ ਸਕੀਮ ਵਿੱਚ ਕਵਰ) ਦਾ ਵੇਰਵਾ | ਵਿਸ਼ੇਸ ਕਥਨ (ਜੇਕਰ ਕੇਸ ਮੁਕੰਮਲ ਨਹੀ ਹੋਇਆ ਤਾਂ ਉਸਦੇ ਕਾਰਣ) |
|---|---|---|---|---|---|---|
| 1 | 2 | 3 | 4 | 5 | 6 | 7 |